BRITISH COLUMBIA HealthLinkBC

Punjabi – Number 90a
June 2018

# ਜਿਪਸੀ ਪਤੰਗੇ (ਮੌਥ) ਲਈ ਛਿੜਕਾਅ
# Gypsy Moth Spraying

## ਜਿਪਸੀ ਪਤੰਗਾ (ਮੌਥ) ਕੀ ਹੈ?

ਜਿਪਸੀ ਪਤੰਗਾ (*ਲਿਮੈਂਟਰੀਆ ਡਿਸਪਾਰ*-(*Lymantria dispar*)) ਇੱਕ ਹਮਲਾਵਰ ਕੀੜਾ ਅਤੇ ਜੰਗਲ ਦਾ ਇੱਕ ਹਾਨੀਕਾਰਕ ਕੀਟ ਹੈ। ਮੂਲ ਰੂਪ ਵਿਚ ਯੂਰਪ ਤੋਂ, ਜਿਪਸੀ ਪਤੰਗਾ ਕੈਨੇਡਾ ਦਾ ਨਹੀਂ ਹੈ, ਪਰ ਇਹ ਇੱਥੇ 100 ਸਾਲ ਤੋਂ ਵੱਧ ਸਮੇਂ ਤੋਂ ਪਾਇਆ ਗਿਆ ਹੈ। ਉਹ 300 ਤੋਂ ਜਿਆਦਾ ਵੱਖਰੇ ਮੂਲ ਅਤੇ ਸਜਾਵਟੀ ਰੁੱਖਾਂ ਅਤੇ ਬੂਟਿਆਂ ਤੇ ਹਮਲਾ ਕਰਦੇ ਹਨ।

ਜਿਪਸੀ ਪਤੰਗੇ ਦੇ ਜੀਵਨ ਚੱਕਰ ਵਿੱਚ 4 ਵੱਖ-ਵੱਖ ਪੜਾਅ ਹੁੰਦੇ ਹਨ: ਅੰਡਾ, ਲਾਰਵਾ ਜਾਂ ਕੈਟਰਪਿਲਰ, ਪਿਉਪਾ, ਅਤੇ ਬਾਲਗ।


ਕੈਟਰਪਿਲਰ


ਬਾਲਗ ਮਾਦਾ (ਸਫ਼ੇਦ) ਅਤੇ ਨਰ

*ਤਸਵੀਰਾਂ ਕੈਨੇਡੀਅਨ ਫਾਰੈਸਟ ਸਰਵਿਸ ਦੁਆਰਾ ਮੁਹੱਈਆ ਕੀਤੀਆਂ ਗਈਆਂ ਹਨ*

ਬਾਲਗ ਮਾਦਾ ਜਿਪਸੀ ਮੌਥ ਅਗਸਤ ਅਤੇ ਸਿਤੰਬਰ ਵਿਚ ਬਹੁਤ ਵੱਡੀ ਗਿਣਤੀ ਵਿੱਚ ਅੰਡੇ ਦਿੰਦੀ ਹੈ। ਅੰਡੇ ਅਕਸਰ ਢੱਕੇ ਹੋਏ ਖੇਤਰਾਂ ਅਤੇ ਦਰਖਤਾਂ ਦੀਆਂ ਦਰਾੜਾਂ ਵਿੱਚ ਮਿਲਦੇ ਹਨ, ਨਾਲ ਹੀ ਲਾਅਨ ਫਰਨੀਚਰ, ਕਾਰਾਂ, ਟਰੱਕਾਂ, ਟਰੈਲਰਾਂ ਅਤੇ ਕੈਂਪਰਾਂ ਵਰਗੇ ਦਰੱਖਤ ਦੇ ਨੇੜੇ ਜਾਂ ਨੇੜੇ ਦੀਆਂ ਚੀਜ਼ਾਂ ਤੇ ਪਾਏ ਜਾਂਦੇ ਹਨ।

ਆਮ ਤੌਰ 'ਤੇ ਇਹ ਅੰਡਿਆਂ ਦੇ ਢੇਰ ਗਲਤੀ ਨਾਲ ਲੋਕਾਂ ਦੁਆਰਾ ਲਿਜਾਏ ਜਾਂਦੇ ਹਨ ਅਤੇ ਇੱਕ ਨਵੇਂ ਸੰਕ੍ਰਮਣ ਤੋਂ ਪਹਿਲਾਂ ਜਦੋਂ ਅੰਡੇ ਬਸੰਤ ਰੁੱਤ ਵਿੱਚ ਟੁੱਟਦੇ ਹਨ, ਦੂਰ ਦੀਆਂ ਥਾਵਾਂ ਤੇ ਪਹੁੰਚਾਏ ਜਾ ਸਕਦੇ ਹਨ।

## ਜਿਪਸੀ ਪਤੰਗਾ (ਮੌਥ) ਕਿੱਥੇ ਪਾਇਆ ਜਾਂਦਾ ਹੈ?

ਯੂਰਪੀਅਨ ਜਿਪਸੀ ਪਤੰਗਾ ਦੱਖਣੀ ਬ੍ਰਿਟਿਸ਼ ਕੋਲੰਬੀਆ ਦੇ ਕਈ ਹਿੱਸਿਆਂ ਵਿੱਚ, ਨਾਲ ਹੀ ਓਨਟਾਰੀਓ, ਕਿਊਬੈਕ ਅਤੇ ਪੂਰਬੀ ਕੈਨੇਡਾ ਦੇ ਕਈ ਭਾਗਾਂ ਸਮੇਤ ਦੱਖਣੀ ਨਿਊ ਬ੍ਰਨਸਵਿਕ ਅਤੇ ਨੋਵਾ ਸਕੋਸ਼ੀਆ ਵਿੱਚ ਪਾਇਆ ਗਿਆ ਹੈ।

## ਜਿਪਸੀ ਮੌਥ ਚਿੰਤਾ ਦਾ ਕਾਰਨ ਕਿਉਂ ਹਨ?

ਜਿਪਸੀ ਪਤੰਗਾ ਕੈਟਰਪਿਲਰ ਪੱਤੇ ਝਾੜਨ ਵਾਲਾ (ਡੀਫੋਲੀਏਟਰ) ਹੁੰਦਾ ਹੈ, ਜਿਸਦਾ ਮਤਲਬ ਹੈ ਕਿ ਉਹ ਰੁੱਖਾਂ ਅਤੇ ਬੂਟਿਆਂ ਦੇ ਪੱਤੇ ਖਾਂਦੇ ਹਨ। ਇਸ ਨਾਲ ਬੂਟੇ ਨੂੰ ਨੁਕਸਾਨ ਹੋ ਸਕਦਾ ਹੈ, ਜਿਸ ਨਾਲ ਵਿਕਾਸ ਵਿੱਚ ਕਮੀ, ਵਿਕਾਸ ਵਿੱਚ ਰੁਕਾਵਟਾਂ, ਤਣੇ ਦੇ ਰੋਗ ਜਾਂ ਬੂਟਾ ਮਰ ਸਕਦਾ ਹੈ। ਬੀ.ਸੀ. ਵਿੱਚ, ਜਿਪਸੀ ਪਤੰਗਾ ਪ੍ਰਮੁੱਖ ਫ਼ਲ ਪੈਦਾ ਕਰਨ ਵਾਲਿਆਂ ਲਈ ਇਕ ਗੰਭੀਰ ਖ਼ਤਰਾ ਹੈ ਕਿਉਂਕਿ ਇਹ ਫਲ ਦੇ ਰੁੱਖਾਂ ਦੀਆਂ ਪੱਤੀਆਂ ਜਿਵੇਂ ਕਿ ਚੈਰੀ ਅਤੇ ਸੇਬ ਦੇ ਦਰੱਖਤ ਖਾਣ ਦੇ ਨਾਲ ਨਾਲ ਬਲੂਬੈਰੀਆਂ ਵਰਗੀਆਂ ਖਾਸ ਬੈਰੀਆਂ ਵੀ ਖਾਂਦਾ ਹੈ। ਬੀ.ਸੀ. ਵਿੱਚ ਜਿਪਸੀ ਪਤੰਗੇ ਦਾ ਸੰਕ੍ਰਮਣ ਖੇਤੀਬਾੜੀ, ਲੰਬਰ, ਅਤੇ ਪਲਾਂਟ ਨਰਸਰੀਆਂ ਸਮੇਤ ਹੋਰ ਉਦਯੋਗਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਚਮੜੀ 'ਤੇ ਧੱਫੜ ਅਤੇ ਸੰਭਵ ਤੌਰ' ਤੇ ਉਪਰਲੇ ਸਾਹ ਲੈਣ ਦੇ ਰਸਤੇ ਦੇ ਲੱਛਣਾਂ ਨੂੰ ਮਨੁੱਖਾਂ ਦੇ ਵੱਡੇ ਪੈਮਾਨੇ ਦੇ ਸੰਕ੍ਰਮਣ ਦੌਰਾਨ, ਹਵਾ ਵਿੱਚਲੇ ਜਿਪਸੀ ਪਤੰਗੇ ਦੇ ਵਾਲਾਂ, ਰੇਸ਼ਮ ਦੇ ਧਾਗਿਆਂ, ਅਤੇ ਉਤਰੀ ਚਮੜੀ ਨਾਲ ਸੰਪਰਕ ਵਿੱਚ ਆਉਣ ਨਾਲ ਜੋੜਿਆ ਗਿਆ ਹੈ। ਹਾਲਾਂਕਿ, ਬੀ.ਸੀ. ਵਿੱਚ ਵੱਡੇ ਪੈਮਾਨੇ ਦੇ ਸੰਕ੍ਰਮਣਾਂ ਦੀ ਉਮੀਦ ਨਹੀਂ ਕੀਤੀ ਜਾਂਦੀ, ਇਸ ਲਈ ਇਹ ਸੰਭਾਵਨਾ ਘੱਟ ਹੈ ਕਿ ਜਿਪਸੀ ਪਤੰਗੇ ਨਾਲ ਸੰਪਰਕ ਮਨੁੱਖੀ ਸਿਹਤ 'ਤੇ ਅਸਰ ਪਾਏਗਾ।

## ਜਿਪਸੀ ਪਤੰਗੇ (ਮੌਥ) ਦੀ ਅਬਾਦੀ ਨੂੰ ਕਿਵੇਂ ਨਿਯੰਤਰਿਤ ਕੀਤਾ ਜਾ ਰਿਹਾ ਹੈ?

ਬੀ.ਸੀ. ਵਿੱਚ, ਅਬਾਦੀ ਨੂੰ ਸਥਾਪਿਤ ਹੋਣ ਤੋਂ ਰੋਕਣ ਲਈ ਜਿਪਸੀ ਪਤੰਗੇ ਦੇ ਪ੍ਰਬੰਧਨ ਦਾ ਟੀਚਾ "ਖਾਤਮਾ" ਹੈ। ਕੈਨੇਡੀਅਨ ਅਤੇ ਯੂਐਸ ਦੀਆਂ ਏਜੰਸੀਆਂ ਇਸ ਹਮਲਾਵਰ ਕੀਟ ਨੂੰ ਲੱਭਣ ਅਤੇ ਖ਼ਤਮ ਕਰਨ ਲਈ ਕੰਮ ਕਰ ਰਹੀਆਂ ਹਨ। ਨਤੀਜੇ ਵਜੋਂ, ਭਾਵੇਂ ਹਰ ਸਾਲ ਜਿਪਸੀ ਪਤੰਗੇ ਦੀਆਂ ਆਬਾਦੀਆਂ ਬੀ.ਸੀ. ਵਿੱਚ ਮਿਲਦੀਆਂ ਹਨ, ਇਹ ਕੀੜਾ ਬੀ.ਸੀ. ਵਿੱਚ ਜਾਂ ਪੱਛਮੀ ਕੈਨੇਡਾ ਅਤੇ ਪੱਛਮੀ ਅਮਰੀਕਾ ਦੇ ਨਾਲ ਲਗਦੇ ਇਲਾਕਿਆਂ ਵਿੱਚ ਪੱਕੇ ਤੌਰ ਤੇ ਸਥਾਪਤ ਨਹੀਂ ਹੋ ਸਕੇ।

ਬੀ.ਸੀ. ਵਿਚ ਜਿਪਸੀ ਪਤੰਗੇ ਦੀ ਆਬਾਦੀ ਦੀ ਨਿਗਰਾਨੀ ਅਤੇ ਨਿਯੰਤ੍ਰਣ ਕਰਨ ਲਈ ਬਹੁਤ ਸਾਰੇ ਤਰੀਕੇ ਵਰਤੇ ਜਾਂਦੇ ਹਨ। ਇਨ੍ਹਾਂ ਵਿਧੀਆਂ ਵਿੱਚ ਵੱਡੇ ਪੱਧਰ ਤੇ ਫੜਨਾ ਅਤੇ ਫੋਰੇ 48ਬੀ® (Foray 48B®) ਦੇ ਭੂਮੀ ਅਤੇ ਹਵਾਈ ਛਿੜਕਾਅ ਸ਼ਾਮਲ ਹਨ, ਜੋ ਕਿ ਵੱਡੀਆਂ ਜਾਂ ਔਖੇ ਪਹੁੰਚ ਵਾਲੇ ਖੇਤਰਾਂ ਵਿੱਚ ਜਿਪਸੀ ਪਤੰਗੇ ਦੀ ਆਬਾਦੀ ਨੂੰ ਨਿਯੰਤ੍ਰਿਤ ਕਰਨ ਲਈ ਵਰਤਿਆ ਜਾਂਦਾ ਹੈ।

## ਫੋਰੇ 48ਬੀ® (Foray 48B®) ਕੀ ਹੈ?

ਫੋਰੇ 48ਬੀ® (Foray 48B®) *ਬੈਸੀਲਸ ਥੁਰਿੰਜੀਐਨਸਿਸ* (*Bacillus thuringiensis*) ਨਾਮ ਦੇ ਬੈਕਟੀਰੀਅਮ ਦੀ *ਕੁਰਸਟਾਕੀ* ਕਿਸਮ ਬੀਟੀਕੇ (*kurstaki* (Btk)) ਵਾਲਾ ਪਾਣੀ ਅਧਾਰਤ ਉਤਪਾਦ ਹੈ।ਬੀਟੀਕੇ (Btk) ਕੁਦਰਤੀ ਤੌਰ ਤੇ ਮਿੱਟੀ ਵਿੱਚ ਪਾਇਆ ਜਾਣ ਵਾਲਾ ਬੈਕਟੀਰੀਅਮ ਹੈ ਅਤੇ ਇਸ ਦੇ ਖਾ ਲਏ ਜਾਣ ਤੇ, ਜਿਪਸੀ ਮੌਥ ਵਰਗੇ ਕੀੜਿਆਂ ਦੀਆਂ ਕਿਸਮਾਂ ਦੀਆਂ ਸੁੰਡੀਆਂ (caterpillars) ਵਿੱਚ ਬਿਮਾਰੀ ਦਾ ਕਾਰਨ ਬਣਨ ਬਾਰੇ ਗਿਆਤ ਹੈ।ਸੁੰਡੀਆਂ ਜੀਵਨ ਦੇ ਮੁਢਲੇ ਪੜਾਆਂ ਵਿੱਚ ਹੋਣ ਦੇ ਦੌਰਾਨ ਬੀਟੀਕੇ (Btk) ਪ੍ਰਤੀ ਸਭ ਤੋਂ ਜਿਅਦਾ ਸੰਵੇਦਨਸ਼ੀਲ ਹੁੰਦੀਆਂ ਹਨ।

ਫੋਰੇ 48ਬੀ® (Foray 48B®) ਵਿੱਚ ਕਈ ਸਾਰੀਆਂ ਗਤੀਹੀਨ (ਸੁਸਤ) ਸਮੱਗਰੀਆਂ ਵੀ ਹੁੰਦੀਆਂ ਹਨ ਜੋ ਬੀਟੀਕੇ (Btk) ਦੀ ਕਾਰਗੁਜਾਰੀ ਨੂੰ ਬਿਹਤਰ ਬਣਾਉਂਦੀਆਂ ਹਨ। ਇੰਨਾਂ ਵਿੱਚੋਂ ਬਹੁਤ ਸਾਰੀਆਂ ਸਮੱਗਰੀਆਂ ਖਾਣੇ ਵਿੱਚ ਮਿਲਾਏ ਜਾ ਸਕਣ ਵਾਲੀਆਂ ਮਾਨਤਾ ਪ੍ਰਾਪਤ ਚੀਜ਼ਾਂ ਹੁੰਦੀਆਂ ਹਨ। ਕੋਈ ਵੀ ਪੈਟ੍ਰੋਲੀਅਮ ਪਦਾਰਥਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਫੋਰੇ 48ਬੀ® (Foray 48B®) ਲੋਕਾਂ, ਕੁੱਤਿਆਂ, ਬਿੱਲੀਆਂ, ਮੱਛਲੀਆਂ, ਪੰਛੀਆਂ, ਭੁਜੰਗਾਂ (reptiles), ਜਾਂ ਮਧੂ ਮੱਖੀਆਂ, ਬੀਟਲਾਂ ਜਾਂ ਮਕੜੀਆਂ ਵਰਗੇ ਕੀੜਿਆਂ ਲਈ ਹਾਨੀਕਾਰਕ ਨਹੀਂ ਹੈ। ਕੀੜਿਆਂ ਨੂੰ ਨਿਯੰਤਰਿਤ ਕਰਨ ਵਾਲੇ ਬੀਟੀਕੇ (Btk) ਉਤਪਾਦ ਕੈਨੇਡਾ ਵਿੱਚ ਵਰਤੋਂ ਵਾਸਤੇ ਲਗਭਗ 40 ਸਾਲਾਂ ਤੋਂ ਰਜਿਸਟਰਡ ਹਨ। ਇਹ ਹੁਣ ਦੁਨੀਆਂ ਭਰ ਵਿੱਚ ਕੀੜਿਆਂ ਨੂੰ ਨਿਯੰਤਰਿਤ ਕਰਨ ਵਾਲੇ ਸਭ ਤੋਂ ਵਿਆਪਕ ਤੌਰ ਤੇ ਵਰਤਿਆ ਜਾਣ ਵਾਲਾ ਉਤਪਾਦ ਹੈ।

## ਹਵਾਈ ਛਿੜਕਾਅ ਦੌਰਾਨ ਕੀ ਹੁੰਦਾ ਹੈ?

ਜਿਪਸੀ ਪਤੰਗਿਆਂ ਲਈ ਫੋਰੇ 48ਬੀ® (Foray 48B®) ਦਾ ਹਵਾਈ ਛਿੜਕਾਅ ਆਮ ਤੌਰ 'ਤੇ ਅਪ੍ਰੈਲ ਅਤੇ ਜੂਨ ਦੇ ਵਿਚਕਾਰ ਬਸੰਤ ਵਿਚ ਕੀਤਾ ਜਾਂਦਾ ਹੈ ਅਤੇ ਇਹ ਸਵੇਰੇ 5:00 ਵਜੇ ਅਤੇ 7:30 ਵਜੇ ਦੇ ਵਿਚਕਾਰ ਹੁੰਦਾ ਹੈ। ਹਰ 7 ਤੋਂ 10 ਦਿਨਾਂ ਵਿੱਚ ਤਿੰਨ ਵੱਖਰੀਆਂ ਐਪਲੀਕੇਸ਼ਨਾਂ ਕੀਤੀਆਂ ਜਾਂਦੀਆਂ ਹਨ। ਇਹਨਾਂ ਐਪਲੀਕੇਸ਼ਨਾਂ ਨੂੰ ਆਮ ਤੌਰ ਤੇ ਜਿਪਸੀ ਪਤੰਗੇ ਦੇ ਲਾਰਵਾ ਨੂੰ ਖਤਮ ਕਰਨ ਲਈ ਕੀਤਾ ਜਾਂਦਾ ਹੈ, ਜੋ ਕਿ ਛਿੜਕਾਅ ਦੀ ਮਿਆਦ ਦੇ ਦੌਰਾਨ ਅੰਡਿਆਂ ਵਿੱਚੋਂ ਨਿਕਲਦੇ ਹਨ।

ਛਿੜਕਾਅ ਦੇ ਖੇਤਰ ਦੇ ਆਕਾਰ ਤੇ ਨਿਰਭਰ ਕਰਦੇ ਹੋਏ, ਏਅਰਕ੍ਰਾਫਟ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਕੋਈ ਵੀ ਮੌਸਮੀ ਦੇਰੀ ਹੁੰਦੀ ਹੈ, 1 ਐਪਲੀਕੇਸ਼ਨ ਨੂੰ ਪੂਰਾ ਕਰਨ ਲਈ ਕਈ ਸਵੇਰਾਂ ਲੱਗ ਸਕਦੀਆਂ ਹਨ। ਉਪਚਾਰ ਦਾ ਖੇਤਰ ਜਿੰਨਾ ਉਹ ਅਸਲ ਵਿੱਚ ਹੈ ਨਾਲੋਂ ਵੱਡਾ ਪ੍ਰਤੀਤ ਹੋ ਸਕਦਾ ਹੈ ਕਿਉਂਕਿ ਜਹਾਜ ਉਪਚਾਰ ਦੇ ਖੇਤਰ ਤੋਂ ਬਾਹਰਲੇ ਖੇਤਰਾਂ ਵਿੱਚ ਮੁੜਦੇ ਹਨ। ਛਿੜਕਾਅ ਨੂੰ ਜੀ ਪੀ ਐਸ ਨੈਵੀਗੇਸ਼ਨ ਪ੍ਰਣਾਲੀ ਦੇ ਨਾਲ ਸਾਵਧਾਨੀ ਨਾਲ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਸਿਰਫ ਨਿਰਧਾਰਤ ਖੇਤਰਾਂ ਉਪਰ ਹੀ ਵਾਪਰਦਾ ਹੈ।

ਸੰਭਵ ਹੈ ਕਿ ਉਪਚਾਰ ਤੋਂ ਬਾਅਦ ਤੁਸੀਂ ਪੁਰਾਣੀ ਮਿੱਟੀ ਦੀ ਮਹਿਕ ਸੁੰਘੋ ਅਤੇ ਸਖਤ ਤਲਾਂ ਅਤੇ ਖਿੜਕੀਆਂ ਤੇ ਪਾਣੀ ਦੀਆਂ ਬੂੰਦਾਂ ਦੇਖੋ। ਬੂੰਦਾਂ, ਪਾਣੀ ਅਤੇ ਥੋੜਾ ਰਗੜਣ ਨਾਲ ਹਟਾਈਆਂ ਜਾ ਸਕਦੀਆਂ ਹਨ, ਪਰ ਆਖਿਰਕਾਰ ਇਹ ਆਪਣੇ ਆਪ ਹੀ ਗਾਇਬ ਹੋ ਜਾਣਗੀਆਂ।

ਨਿਵਾਸੀ ਇੱਕ ਜਨਤਕ ਨੋਟਿਸ ਰਾਹੀਂ ਜਾਣਕਾਰੀ ਅਤੇ ਸਮਾਂ-ਸਾਰਣੀਆਂ, ਸਥਾਨਕ ਮੀਡੀਆ ਦੁਆਰਾ, ਜਿਪਸੀ ਮੋਥ ਹੌਟਲਾਈਨ, ਵੈੱਬਸਾਈਟਾਂ ਅਤੇ ਈਮੇਲ ਵਿਤਰਣ ਸੂਚੀਆਂ ਰਾਹੀਂ ਹਵਾਈ ਐਪਲੀਕੇਸ਼ਨ ਪ੍ਰਾਜੈਕਟ ਸ਼ੁਰੂ ਹੋਣ ਤੋਂ ਘੱਟੋ ਘੱਟ 24 ਘੰਟੇ ਪਹਿਲਾਂ ਪ੍ਰਾਪਤ ਕਰਦੇ ਹਨ। ਪ੍ਰਭਾਵੀ ਖੇਤਰ ਦੇ ਸਾਰੇ ਸਕੂਲਾਂ ਅਤੇ ਹਸਪਤਾਲਾਂ ਨੂੰ ਛਿੜਕਾਅ ਪ੍ਰੋਗਰਾਮ ਸ਼ੁਰੂ ਹੋਣ ਤੋਂ ਘੱਟੋ ਘੱਟ 24 ਘੰਟੇ ਪਹਿਲਾਂ ਸੂਚਿਤ ਕੀਤਾ ਜਾਂਦਾ ਹੈ। ਟ੍ਰੀਟਮੈਂਟ ਦੀਆਂ ਸਮਾਂ-ਸਾਰਣੀਆਂ ਮੌਸਮ 'ਤੇ ਨਿਰਭਰ ਕਰਦੀਆਂ ਹਨ, ਇਸ ਲਈ ਨਵੀਨਤਮ ਜਾਣਕਾਰੀ ਲਈ, ਮਨਿਸਟਰੀ ਆਫ ਫੌਰੈਸਟਸ, ਲੈਂਡਜ, ਨੈਚੁਰਲ ਰਿਸੋਰਸ ਆਪਰੇਸ਼ਨਜ ਐਂਡ ਰੂਰਲ ਡਿਵੇਲਪਮੈਂਟ (ਐਫਐਲਐਨਆਰਓਆਰਡੀ-FLNRORD) ਦੀ ਵੈੱਬਸਾਇਟ ਦੇਖੋ: www2.gov.bc.ca/gov/content/industry/forestry/managing-our-forest-resources/forest-health/invasive-forest-pests/gypsy-moth.

## ਕੀ ਸਿਹਤ ਸੰਬੰਧੀ ਕੋਈ ਚਿੰਤਾਵਾਂ ਹਨ?

ਰਿਪੋਰਟ ਕੀਤੀ ਗਈ ਬਿਮਾਰੀ ਤੇ ਛਿੜਕਾਅ ਦੇ ਅਸਰ ਨੂੰ ਮਾਨੀਟਰ ਕਰਨ ਲਈ ਵੈਨਕੂਵਰ ਅਤੇ ਵਿਕਟੋਰਿਆ ਵਿੱਚ ਦੋ ਵਿਆਪਕ ਪਬਲਿਕ ਹੈਲਥ ਨਿਗਰਾਨੀ ਅਧਿਐਨ ਕੀਤੇ ਜਾ ਚੁੱਕੇ ਹਨ। ਨਤੀਜਿਆਂ ਨੇ ਛਿੜਕਾਅ ਕਰਕੇ ਸਿਹਤ ਦੇਖਭਾਲ ਪ੍ਰਦਾਤਾਵਾਂ ਦੁਆਰਾ ਰਿਪੋਰਟ ਕੀਤੀਆਂ ਗਈਆਂ ਬਿਮਾਰੀਆਂ (ਹਸਪਤਾਲ ਦੇ ਐਮਰਜੈਂਸੀ ਰੂਮਾਂ ਦੀਆਂ ਫੇਰੀਆਂ ਸਮੇਤ) ਵਿੱਚ ਕੋਈ ਵਾਧਾ ਨਹੀਂ ਦਿਖਾਇਆ ਹੈ। ਦਮੇ ਵਾਲੇ ਜਾਂ ਸਰੀਰ ਦੀ ਬੀਮਾਰੀ ਨਾਲ ਲੜਨ ਵਾਲੀ ਕਮਜੋਰ ਪ੍ਰਣਾਲੀਆਂ ਵਾਲੇ ਬਾਲਗਾਂ ਅਤੇ ਬੱਚਿਆਂ ਵਿੱਚ ਹਾਨੀਕਾਰਕ ਪ੍ਰਭਾਵਾਂ ਦੇ ਕੋਈ ਸਬੂਤ ਨਹੀਂ ਹਨ।

ਜੇ ਤੁਸੀਂ ਛਿੜਕਾਅ ਦੇ ਨਾਲ ਸੰਪਰਕ ਤੋਂ ਬਚਣਾ ਚਾਹੁੰਦੇ ਹੋ,ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਹਵਾਈ ਛਿਕਾਅ ਹੋਣ ਤੋਂ ਪਹਿਲੀ ਸ਼ਾਮ ਨੂੰ ਖਿੜਕੀਆਂ ਬੰਦ ਕਰ ਲਓ ਅਤੇ ਤੁਹਾਡੀ ਸੰਪਤੀ ਅਤੇ ਨੇੜਲੇ ਖੇਤਰਾਂ ਤੇ ਛਿੜਕਾਅ ਕੀਤੇ ਜਾਣ ਦੌਰਾਨ ਅੰਦਰ ਰਹੋ। ਤੁਹਾਨੂੰ ਬਾਹਰ ਜਾਣ ਤੋਂ ਪਹਿਲਾਂ ਛਿੜਕਾਅ ਦੇ ਉੱਡ (ਖਿੰਡ) ਜਾਣ ਦਾ ਇੰਤਜਾਰ (ਆਮਤੌਰ ਤੇ ਇੱਕ ਘੰਟੇ ਦੇ ਅੰਦਰ, ਹਵਾ ਚਲੱਣ ਵਾਲੀ ਹਾਲਤ ਵਿੱਚ ਇਸ ਤੋਂ ਜਲਦੀ) ਕਰਨਾ ਚਾਹੀਦਾ ਹੈ। ਜੇ ਤੁਹਾਡੀਆਂ ਸਿਹਤ ਸੰਬੰਧੀ ਅਵਸਥਾਵਾਂ ਹਨ ਅਤੇ ਤੁਸੀਂ ਚਿੰਤਤ ਹੋ, ਤਾਂ ਤੁਹਾਨੂੰ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ।

ਛਿੜਕਾਅ ਹੋਣ ਦੇ ਦੌਰਾਨ ਅੰਦਰ ਰਹਿਣ ਦੇ ਨਾਲ ਨਾਲ, ਤੁਹਾਨੂੰ ਚੰਗੀ ਸਫਾਈ ਸੰਬੰਧੀ ਆਦਰਸ਼ ਕਾਰਜਪ੍ਰਣਾਲੀਆਂ ਦੀ ਪਾਲਣਾ ਵੀ ਕਰਨੀ ਚਾਹੀਦੀ ਹੈ। ਇੰਨਾਂ ਵਿੱਚ ਸ਼ਾਮਲ ਹਨ:

- ਬਾਹਰ ਵਾਲੀਆਂ ਕੋਈ ਵੀ ਗਤੀਵਿਧੀਆਂ ਤੋਂ ਬਾਅਦ ਆਪਣੇ ਹੱਥ ਧੋਵੋ
- ਪ੍ਰਭਾਵਿਤ ਖੇਤਰਾਂ ਤੋਂ ਇਕੱਠੇ ਕੀਤੇ ਗਏ ਸਾਰੇ ਫਲਾਂ ਅਤੇ ਸਬਜ਼ੀਆਂ ਨੂੰ ਖਾਣ ਜਾਂ ਪਕਾਉਣ ਤੋਂ ਪਹਿਲਾਂ ਧੋਵੋ

## ਹੋਰ ਜਾਣਕਾਰੀ ਲਈ

- ਜਿਪਸੀ ਪਤੰਗੇ ਦੀ ਈਮੇਲ ਸਬਸਕ੍ਰਿਪਸ਼ਨ ਸੇਵਾ ਲਈ ਮਨਿਸਟਰੀ ਆਫ ਫੌਰੈਸਟਸ, ਲੈਂਡਜ, ਨੈਚੁਰਲ ਰਿਸੋਰਸ ਆਪਰੇਸ਼ਨਜ ਐਂਡ ਰੂਰਲ ਡਿਵੇਲਪਮੈਂਟ ਤੇ ਸਾਈਨ ਅਪ ਕਰੋ: www2.gov.bc.ca/gov/content/industry/forestry/managing-our-forest-resources/forest-health/invasive-forest-pests/gypsy-moth/news
- ਐਫਐਲਐਨਆਰਓਆਰਡੀ (FLNRORD) ਦੀ ਰਿਸੋਰਸ ਪ੍ਰੈਕਟਿਕਸ ਬਰਾਂਚ ਨੂੰ 1 866 917-5999 ਤੇ ਕਾਲ ਕਰੋ
- ਆਈਲੈਂਡ ਹੈਲਥ ਵੀਡੀਓ: "ਜਿਪਸੀ ਮੋਥ ਏਰੀਅਲ ਸਪਰੇਇੰਗ: ਕੀ ਇਹ ਸੁਰੱਖਿਅਤ ਹੈ? www.youtube.com/watch?v=FzTSmsxkJtc&feature=youtu.be